Alta California
Regional Center

ਸਵੈ-ਨਿਰਧਾਰਨ ਪ੍ਰੋਗਰਾਮ

ਸਾਲ 2 ਅਤੇ ਉਸਦੋਂ ਬਾਅਦ ਦੇ ਸਾਲਾਂ ਲਈ ਭਾਗੀਦਾਰ ਚੈੱਕਲਿਸਟ

ਇਹ ਟੂਲ **ਭਾਗੀਦਾਰਾਂ** ਨੂੰ ਆਪਣੇ SDP ਯੋਜਨਾ ਸਾਲ ਦਾ ਨਵੀਨੀਕਰਣ ਕਰਨ ਦੀ ਪ੍ਰਕਿਰਿਆ ਵਿੱਚ ਸਹਾਇਤਾ ਕਰਨ ਲਈ ਹੈ।

ਭਾਗੀਦਾਰ ਦਾ ਨਾਮ:	**UCI#:**

ਮੁਕੰਮਲ	ਲਗਭਗ ਸਮਾਂ-ਸੀਮਾ	ਵੇਰਵਾ
☐	**ਮੌਜੂਦਾ ਯੋਜਨਾ ਸਾਲ ਦੀ ਸਮਾਪਤੀ ਦੀ ਮਿਤੀ ਤੋਂ 120 ਦਿਨ (4 ਮਹੀਨੇ) ਪਹਿਲਾਂ।** ਉਦਾਹਰਣ: ਜੇ ਭਾਗੀਦਾਰ ਦੀ ਖਰਚ ਯੋਜਨਾ 1 ਜਨਵਰੀ 2026 ਤੋਂ 31 ਦਸੰਬਰ 2026 ਤੱਕ ਦੀ ਹੈ, ਤਾਂ ਯੋਜਨਾ ਟੀਮ ਇਸ ਪ੍ਰਕਿਰਿਆ ਨੂੰ 1 ਸਤੰਬਰ 2026 ਦੇ ਆਸਪਾਸ ਸ਼ੁਰੂ ਕਰੇਗੀ)	ਭਾਗੀਦਾਰ *ਚਾਹੇ ਤਾਂ* ਆਪਣੇ ਇੰਡੀਪੈਂਡੈਂਟ ਫ਼ੈਸਿਲਿਟੇਟਰ (IF) ਦੀ ਮਦਦ ਨਾਲ ਆਪਣੀ ਵਿਅਕਤੀ-ਕੇਂਦਰਿਤ ਯੋਜਨਾ (Person-Centered Plan, PCP) ਨੂੰ ਅੱਪਡੇਟ ਕਰ ਸਕਦਾ ਹੈ। ਇਸ ਸਹਾਇਤਾ ਲਈ ਬਜਟ ਵਿੱਚ ਫੰਡ ਨਹੀਂ ਜੋੜੇ ਜਾਂਦੇ। ਭਾਗੀਦਾਰ ਨੂੰ ਆਪਣੀ ਖਰਚ ਯੋਜਨਾ 'ਤੇ ਇਸ ਸੇਵਾ ਲਈ ਫੰਡ ਨਿਰਧਾਰਤ ਕਰਨੇ ਪੈਣਗੇ। ਜੇ ਭਾਗੀਦਾਰ ਆਪਣੇ PCP ਨੂੰ ਅੱਪਡੇਟ ਕਰ ਰਿਹਾ ਹੈ, ਤਾਂ ਭਾਗੀਦਾਰ ਨੂੰ ਲੋੜਾਂ ਸਬੰਧੀ ਮੀਟਿੰਗ ਤੋਂ ਘੱਟੋ-ਘੱਟ 5 ਦਿਨ ਪਹਿਲਾਂ ਇਸਨੂੰ ਸਰਵਿਸ ਕੋਆਰਡੀਨੇਟਰ (SC) ਨੂੰ ਦੇਣਾ ਚਾਹੀਦਾ ਹੈ, ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ SC ਕੋਲ ਦਸਤਾਵੇਜ਼ ਦੀ ਸਮੀਖਿਆ ਕਰਨ ਲਈ ਸਮਾਂ ਹੋਵੇ। ਭਾਗੀਦਾਰ, ਸਹਾਇਤਾ ਨਾਲ, ਟੀਚਿਆਂ ਵੱਲ ਹੋਈ ਪ੍ਰਗਤੀ ਅਤੇ ਸਿਖਲਾਈ ਅਤੇ/ਜਾਂ ਕਲੀਨਿਕਲ ਸੇਵਾਵਾਂ ਲਈ ਮੌਜੂਦਾ ਲੋੜਾਂ ਨੂੰ ਦਰਸਾਉਣ ਲਈ ਸਾਰੀਆਂ ਜ਼ਰੂਰੀ ਮੁਲਾਂਕਣ ਰਿਪੋਰਟਾਂ ਪ੍ਰਾਪਤ ਕਰੇਗਾ। ਕਿਹੜੀਆਂ ਸੇਵਾਵਾਂ ਲਈ ਮੁਲਾਂਕਣ ਰਿਪੋਰਟ ਦੀ ਲੋੜ ਹੈ, ਇਸ ਬਾਰੇ ਵਧੇਰੇ ਜਾਣਕਾਰੀ ਲਈ ਆਪਣੇ SC ਨਾਲ ਗੱਲ ਕਰੋ। SC ਭਾਗੀਦਾਰ ਅਤੇ ਪਲਾਨਿੰਗ ਟੀਮ ਦੇ ਉਨ੍ਹਾਂ ਹੋਰ ਭਾਗੀਦਾਰਾਂ ਨਾਲ **ਲੋੜਾਂ ਦੀ ਸਮੀਖਿਆ ਵਾਲੀ ਇੱਕ ਮੀਟਿੰਗ ਤੈਅ ਕਰੇਗਾ** ਜਿਨ੍ਹਾਂ ਦੀ ਮੌਜੂਦਗੀ ਭਾਗੀਦਾਰ ਚਾਹੁੰਦਾ ਹੈ।
	ਮੌਜੂਦਾ ਯੋਜਨਾ ਸਾਲ ਦੇ ਅੰਤ ਤੋਂ 120-90 ਦਿਨ ਪਹਿਲਾਂ	ਭਾਗੀਦਾਰ ਆਪਣੇ SC ਅਤੇ ਪਲਾਨਿੰਗ ਟੀਮ ਦੇ ਹੋਰ ਮੈਂਬਰਾਂ ਨਾਲ ਮੁਲਾਕਾਤ ਕਰੇਗਾ। ਪਲਾਨਿੰਗ ਟੀਮ ਪਿਛਲੇ ਸਾਲ ਦੇ ਬਜਟ, ਖਰਚ ਯੋਜਨਾ, FMS ਸਟੇਟਮੈਂਟਾਂ, ਮੁਲਾਂਕਣ/ਪ੍ਰਗਤੀ ਰਿਪੋਰਟਾਂ, ਅਤੇ PCP (ਜੇ ਲਾਗੂ ਹੋਵੇ) ਦੀ ਸਮੀਖਿਆ ਕਰੇਗੀ। ਇਸ ਮੀਟਿੰਗ ਦਾ ਉਦੇਸ਼ ਹਾਲਾਤ, ਸਰੋਤਾਂ ਅਤੇ/ਜਾਂ ਲੋੜਾਂ ਵਿੱਚ ਕਿਸੇ ਵੀ ਤਬਦੀਲੀ ਬਾਰੇ ਚਰਚਾ ਕਰਨਾ ਹੈ। ਬਜਟ ਵਿੱਚ ਸੇਵਾਵਾਂ ਜੋੜਨ ਤੋਂ ਪਹਿਲਾਂ, SC ਸੇਵਾ ਬੇਨਤੀਆਂ ਲਈ ਅੰਦਰੂਨੀ ਕਮੇਟੀਆਂ ਵਿੱਚ ਸ਼ਾਮਲ ਹੋਣ ਸਮੇਤ, ਸਾਰੇ ਪ੍ਰਕਿਰਿਆਤਮਕ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੇਗਾ।
☐	**ਲੋੜਾਂ ਬਾਰੇ ਮੀਟਿੰਗ ਦੇ 10 ਦਿਨਾਂ ਦੇ ਅੰਦਰ, SC ਬਜਟ ਵਰਕਸ਼ੀਟ ਜਮ੍ਹਾਂ ਕਰਵਾਏਗਾ। ਇਸ ਤੇ ਕਾਰਵਾਈ ਕਰਨ ਵਿੱਚ 4 ਕਾਰੋਬਾਰੀ ਦਿਨਾਂ ਤੱਕ ਦਾ ਸਮਾਂ ਲੱਗ ਸਕਦਾ ਹੈ।**	SC ਬਜਟ ਵਰਕਸ਼ੀਟ ਵਿੱਚ ਉਹ ਸੇਵਾਵਾਂ ਦਰਜ ਕਰੇਗਾ ਜਿਨ੍ਹਾਂ ਦਾ ਮੁਲਾਂਕਣ ਭਾਗੀਦਾਰ ਦੀਆਂ ਲੋੜਾਂ ਅਤੇ IPP ਟੀਚਿਆਂ ਨੂੰ ਪੂਰਾ ਕਰਨ ਲਈ ਕੀਤਾ ਗਿਆ ਹੈ। ਕਲਾਇੰਟ ਸਰਵਿਸਿਜ਼ ਮੈਨੇਜਰ (CSM) ਦੁਆਰਾ ਇਸਦੀ ਸਮੀਖਿਆ ਕੀਤੇ ਜਾਣ ਤੋਂ ਬਾਅਦ, ਵਿਅਕਤੀਗਤ ਬਜਟ ਗਣਨਾ ਪ੍ਰਮਾਣੀਕਰਨ ਟੂਲ (IBCCT ਜਾਂ "ਬਜਟ") ਤਿਆਰ ਕਰਨ ਲਈ ਬਜਟ ਵਰਕਸ਼ੀਟ ਨੂੰ ਸੈਲਫ਼-ਡਿਟਰਮਿਨੇਸ਼ਨ ਪ੍ਰੋਗਰਾਮ (SDP) ਟੀਮ ਨੂੰ ਭੇਜੀ ਜਾਂਦੀ ਹੈ।

09/01/2026 ਨੂੰ ਅੱਪਡੇਟ ਕੀਤਾ ਗਿਆ

		ਬਜਟ ਨੂੰ ਸੇਵਾਵਾਂ ਬਾਰੇ ਯੋਜਨਾ ਟੀਮ ਦੀ ਸਹਿਮਤੀ ਦੇ ਆਧਾਰ 'ਤੇ ਤਿਆਰ ਕੀਤਾ ਜਾਂਦਾ ਹੈ। ਇਹ ਪਿਛਲੇ 12 ਮਹੀਨਿਆਂ ਵਿੱਚ ਸੇਵਾਵਾਂ ਲਈ ਰੀਜਨਲ ਸੈਂਟਰ ਵੱਲੋਂ ਮਨਜ਼ੂਰ ਕੀਤੇ ਗਏ ਫੰਡਾਂ ਦੀ ਰਕਮ ਦੇ ਬਰਾਬਰ ਹੁੰਦਾ ਹੈ, ਜਿਸ ਵਿੱਚ ਸਰੋਤਾਂ, ਹਾਲਾਤ ਅਤੇ/ਜਾਂ ਲੋੜਾਂ ਵਿੱਚ ਕਿਸੇ ਵੀ ਤਬਦੀਲੀ ਲਈ ਸੋਧ ਕੀਤੀ ਜਾਂਦੀ ਹੈ। ਸੋਧਾਂ ਉਦੋਂ ਕੀਤੀਆਂ ਜਾਂਦੀਆਂ ਹਨ ਜਦੋਂ ਲੋੜਾਂ ਨੂੰ ਆਮ ਤੌਰ 'ਤੇ ਉਪਲਬਧ ਸਰੋਤਾਂ ਅਤੇ/ਜਾਂ ਕੁਦਰਤੀ ਸਹਾਇਤਾ ਨਾਲ ਪੂਰਾ ਕੀਤਾ ਜਾ ਸਕਦਾ ਹੋਵੇ। ਲੋੜਾਂ ਪੂਰੀਆਂ ਕਰਨ ਲਈ, ਜਿੱਥੇ ਉਚਿਤ ਹੋਵੇ, ਸਭ ਤੋਂ ਘੱਟ ਲਾਗਤ ਵਾਲੀਆਂ ਸੇਵਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।
☐	**IBCCT ਪੂਰਾ ਹੋਣ ਦੇ 5 ਕਾਰੋਬਾਰੀ ਦਿਨਾਂ ਦੇ ਅੰਦਰ**	SC ਭਾਗੀਦਾਰ ਨੂੰ ਦਸਤਖਤ ਕਰਨ ਲਈ ਬਜਟ ਭੇਜਦਾ ਹੈ। ਜੇ ਭਾਗੀਦਾਰ ਬਜਟ ਨਾਲ ਸਹਿਮਤ ਹੁੰਦਾ ਹੈ, ਤਾਂ ਭਾਗੀਦਾਰ (ਜਾਂ ਕਾਨੂੰਨੀ ਪ੍ਰਤੀਨਿਧੀ) ਇਸ 'ਤੇ ਦਸਤਖਤ ਕਰੇਗਾ। ਜਦੋਂ ਬਜਟ 'ਤੇ ਕਲਾਇੰਟ (ਜਾਂ ਪ੍ਰਤੀਨਿਧੀ) ਅਤੇ SC ਦੁਆਰਾ ਦਸਤਖਤ ਕਰ ਦਿੱਤੇ ਜਾਂਦੇ ਹਨ, ਤਾਂ ਇਸਨੂੰ ਪ੍ਰਮਾਣਿਤ ਕੀਤਾ ਜਾਂਦਾ ਹੈ। ਬਜਟ 'ਤੇ ਦਸਤਖਤ ਹੋਣ ਤੋਂ ਬਾਅਦ ਵੀ ਬਦਲਾਅ ਕੀਤੇ ਜਾ ਸਕਦੇ ਹਨ। ਬਜਟ ਪ੍ਰਮਾਣਿਤ ਹੋਣ ਤੋਂ ਬਾਅਦ ਖਰਚ ਯੋਜਨਾਵਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ।
☐	**IBCCT ਦੇ ਪ੍ਰਮਾਣੀਕਰਨ ਦੇ 30 ਕੈਲੰਡਰ ਦਿਨਾਂ ਦੇ ਅੰਦਰ (ਨਵੀਨੀਕਰਣ ਕਰਾਉਣ ਤੋਂ ਲਗਭਗ 90-60 ਦਿਨ)**	**ਖਰਚ ਯੋਜਨਾ** ਭਾਗੀਦਾਰ ਵੱਲੋਂ ਤਿਆਰ ਕੀਤੀ ਰੂਪਰੇਖਾ ਹੈ, ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਯੋਜਨਾਬੱਧ ਸੇਵਾਵਾਂ ਅਤੇ ਸਹਾਇਤਾ ਨਾਲ IPP ਦੇ ਨਤੀਜਿਆਂ ਨੂੰ ਕਿਵੇਂ ਹਾਸਲ ਕੀਤਾ ਜਾਵੇਗਾ। 25 ਨਵੰਬਰ 2025 ਦੇ ਸਵੈ-ਨਿਰਧਾਰਨ ਨਿਰਦੇਸ਼ ਦੇ ਅਨੁਸਾਰ, ਖਰਚ ਯੋਜਨਾ ਵਿੱਚ ਸੇਵਾਵਾਂ, ਉਨ੍ਹਾਂ ਨੂੰ ਕਿੰਨੀ ਵਾਰ ਖਰੀਦਿਆ ਜਾਵੇਗਾ, SDP ਸੇਵਾ ਕੋਡ, ਅਤੇ ਖਰੀਦੀ ਜਾਣ ਵਾਲੀ ਹਰੇਕ ਸੇਵਾ ਅਤੇ ਸਹਾਇਤਾ ਦਾ ਖਰਚਾ ਸ਼ਾਮਲ ਹੋਣਾ ਚਾਹੀਦਾ ਹੈ (D-2025-ਸਵੈ-ਨਿਰਧਾਰਨ ਪ੍ਰੋਗਰਾਮ-003)। ਅਲਟਾ ਦੀ ਖਰਚ ਯੋਜਨਾ ਚੈੱਕਲਿਸਟ ਇੱਥੇ ਮਿਲ ਸਕਦੀ ਹੈ ਸਵੈ-ਨਿਰਧਾਰਨ ਪ੍ਰੋਗਰਾਮ ਖਰਚ ਯੋਜਨਾ ਚੈੱਕਲਿਸਟ - ਅਲਟਾ ਕੈਲੀਫ਼ੋਰਨੀਆ ਰੀਜਨਲ ਸੈਂਟਰ। ਖਰਚ ਯੋਜਨਾ ਦੀ ਕੁੱਲ ਰਕਮ (ਡਾਲਰ) ਵਿਅਕਤੀਗਤ ਬਜਟ ਦੀ ਰਕਮ ਤੋਂ ਵੱਧ ਨਹੀਂ ਹੋ ਸਕਦੀ। ਲਿੰਕ: ਕਿਸੇ ਸੇਵਾ ਦੇ ਮਨਜ਼ੂਰਸ਼ੁਦਾ ਹੋਣ ਬਾਰੇ ਫ਼ੈਸਲਾ ਕਰਨ ਵਿੱਚ ਮਦਦ ਲਈ ਸੇਵਾ ਕੋਡ ਅਤੇ ਸੇਵਾ ਕੋਡ ਦੀਆਂ ਪਰਿਭਾਸ਼ਾਵਾਂ। ਸਾਰੇ ਲੋੜੀਂਦੇ ਵੇਰਵੇ ਸ਼ਾਮਲ ਕਰਨ ਵਿੱਚ ਮਦਦ ਲਈ, ਭਾਗੀਦਾਰ ਚਾਹੇ ਤਾਂ ਖਰਚ ਯੋਜਨਾ ਚੈੱਕਲਿਸਟ (Spending Plan Checklist) ਦਸਤਾਵੇਜ਼ ਦੀ ਵਰਤੋਂ ਕਰ ਸਕਦਾ ਹੈ। ਹਰ ਖਰਚ ਯੋਜਨਾ ਭਾਗੀਦਾਰ (ਜਾਂ ਕਾਨੂੰਨੀ ਪ੍ਰਤੀਨਿਧੀ), SC, ਅਤੇ ਇੱਕ ਭਾਗੀਦਾਰ ਚੋਣ ਮਾਹਰ (Participant Choice Specialist, PCS) ਦੁਆਰਾ ਪ੍ਰਮਾਣਿਤ ਅਤੇ ਦਸਤਖਤ ਕੀਤੀ ਹੋਣੀ ਚਾਹੀਦੀ ਹੈ (ਇਸ ਵਿੱਚ ਸਾਲ ਦੇ ਅੱਧ ਵਿਚਕਾਰ ਖਰਚ ਯੋਜਨਾ ਵਿੱਚ ਕੀਤੀਆਂ ਸੋਧਾਂ ਵੀ ਸ਼ਾਮਲ ਹਨ)। ਸਰਵਿਸ ਕੋਆਰਡੀਨੇਟਰ ਨੂੰ ਖਰਚ ਯੋਜਨਾ ਪ੍ਰਦਾਨ ਕਰਨ ਦੇ ਦੋ ਹਫ਼ਤਿਆਂ ਦੇ ਅੰਦਰ ਇਸਦੀ ਸਮੀਖਿਆ ਕੀਤੀ ਜਾਵੇਗੀ। ਭਾਗੀਦਾਰ ਸਰਵਿਸ ਕੋਆਰਡੀਨੇਟਰ ਨਾਲ ਖਰਚ ਯੋਜਨਾ ਦੀ ਸਮੀਖਿਆ ਕਰੇਗਾ ਅਤੇ ਚਰਚਾ ਕਰੇਗਾ ਕਿ ਯੋਜਨਾਬੱਧ ਸੇਵਾਵਾਂ ਦੇ ਨਤੀਜੇ ਕਿਵੇਂ ਪ੍ਰਾਪਤ ਕੀਤੇ ਜਾਣਗੇ। SC ਕੋਲ ਖਰਚ ਯੋਜਨਾ 'ਤੇ ਸਾਰੀਆਂ ਸੇਵਾਵਾਂ ਦੀ ਜਾਣਕਾਰੀ ਉਪਲਬਧ ਹੋਣ ਤੋਂ ਬਾਅਦ, ਉਹ SDP ਕਾਨੂੰਨ, ਨਿਰਦੇਸ਼ਾਂ ਅਤੇ ਪਰਿਭਾਸ਼ਾਵਾਂ ਨਾਲ ਇਕਸਾਰਤਾ ਲਈ ਸਮੀਖਿਆ ਕਰਨਗੇ। ਸਾਰੀਆਂ ਧਿਰਾਂ ਦੁਆਰਾ ਸਹਿਮਤੀ ਬਣ ਜਾਣ ਤੋਂ ਬਾਅਦ, ਖਰਚ ਯੋਜਨਾ 'ਤੇ ਦਸਤਖਤ ਕਰਕੇ ਇਸਨੂੰ ਪ੍ਰਮਾਣਿਤ ਕੀਤਾ ਜਾਂਦਾ ਹੈ। ਫਿਰ SC ਪ੍ਰਮਾਣਿਤ ਯੋਜਨਾ ਨੂੰ ਵਿੱਤੀ ਪ੍ਰਬੰਧਨ ਸੇਵਾਵਾਂ (Financial Management Services, FMS) ਨੂੰ ਭੇਜੇਗਾ।

☐	**ਘਰ ਅਤੇ ਭਾਈਚਾਰੇ-ਅਧਾਰਤ ਸੇਵਾਵਾਂ ਦੀ ਪਾਲਣਾ (HCBS)**	HCBS ਅੰਤਮ ਨਿਯਮ ਜੇ ਭਾਗੀਦਾਰ ਸਮੂਹਕ ਸੈਟਿੰਗਾਂ ਵਿੱਚ ਬੌਧਿਕ ਤੌਰ 'ਤੇ ਅਪਾਹਜ/ਵਿਕਾਸਾਤਮਕ ਤੌਰ 'ਤੇ ਅਪਾਹਜ (Intellectually Disabled/Developmentally Disabled, IDD) ਲੋਕਾਂ ਲਈ ਵਿਸ਼ੇਸ਼ ਸੇਵਾਵਾਂ ਪ੍ਰਾਪਤ ਕਰੇਗਾ, ਤਾਂ HCBS ਸੈਟਿੰਗ ਮੁਲਾਂਕਣ ਟੂਲ ਭਰਨਾ ਲਾਜ਼ਮੀ ਹੈ। ਭਾਗੀਦਾਰ ਦੇ ਸਰਵਿਸ ਪ੍ਰੋਵਾਈਡਰ ਨਾਲ ਸੈਟਿੰਗ ਮੁਲਾਂਕਣ ਟੂਲ ਪੂਰਾ ਕਰੋ ਅਤੇ ਇਸਨੂੰ ਭਾਗੀਦਾਰ ਦੇ FMS ਨੂੰ ਭੇਜੋ।
☐	**ਨਵੀਨੀਕਰਣ ਕਰਾਉਣ ਤੋਂ 60 ਦਿਨ ਪਹਿਲਾਂ**	ਜੇ ਮੌਜੂਦਾ ਯੋਜਨਾ ਸਾਲ ਦੀ ਸਮਾਪਤੀ ਤੱਕ ਨਵੀਨੀਕਰਣ ਪੂਰਾ ਨਹੀਂ ਹੁੰਦਾ ਹੈ, ਤਾਂ ਭਾਗੀਦਾਰ ਦਾ ਸਰਵਿਸ ਕੋਆਰਡੀਨੇਟਰ ਖਰਚ ਯੋਜਨਾ ਦੇ ਵਿਸਤਾਰ ਜਾਂ **ਗੈਪ ਬਜਟ** ਦਾ ਸੁਝਾਅ ਦੇ ਸਕਦਾ ਹੈ। ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਸੇਵਾਵਾਂ ਵਿੱਚ ਕੋਈ ਰੁਕਾਵਟ ਨਾ ਆਵੇ ਅਤੇ ਪਲਾਨਿੰਗ ਟੀਮ ਨੂੰ ਸੇਵਾਵਾਂ ਬਾਰੇ ਚਰਚਾ ਅਤੇ ਉਨ੍ਹਾਂ ਦਾ ਮੁਲਾਂਕਣ ਕਰਨ ਲਈ ਵਧੇਰੇ ਸਮਾਂ ਮਿਲ ਸਕੇ। ਵਿਅਕਤੀਗਤ ਬਜਟ ਅਤੇ ਖਰਚ ਯੋਜਨਾ ਜਾਰੀ ਰੱਖਣ ਸਬੰਧੀ DDS ਨਿਰਦੇਸ਼ **ਖਰਚ ਯੋਜਨਾ ਦਾ ਵਿਸਤਾਰ** ਕਰਨ ਦਾ ਮਤਲਬ ਹੈ ਕਿ ਭਾਗੀਦਾਰ ਦੇ ਮੌਜੂਦਾ ਬਜਟ ਵਿੱਚ ਉਪਲਬਧ ਫੰਡ ਹੋਰ 30-60 ਦਿਨਾਂ ਲਈ ਵਰਤੇ ਜਾਂਦੇ ਹਨ, ਜਿਸ ਨਾਲ ਖਰਚ ਯੋਜਨਾ ਕੁੱਲ 13 ਜਾਂ 14 ਮਹੀਨੇ ਹੋ ਜਾਂਦੀ ਹੈ। **ਗੈਪ ਬਜਟ** 30 ਜਾਂ 60 ਦਿਨਾਂ ਨੂੰ ਕਵਰ ਕਰਨ ਵਾਲਾ ਇੱਕ ਛੋਟੀ ਮਿਆਦ ਦਾ ਬਜਟ ਹੁੰਦਾ ਹੈ, ਜਿਸ ਵਿੱਚ ਪਹਿਲਾਂ ਦਸਤਖਤ ਕੀਤੇ ਬਜਟ 'ਤੇ ਸਹਿਮਤ ਹੋਈਆਂ ਸੇਵਾਵਾਂ ਅਤੇ ਦਰਾਂ ਸ਼ਾਮਲ ਹੁੰਦੀਆਂ ਹਨ, ਪਰ ਇੱਕ-ਵਾਰ ਲਈ ਦਿੱਤੀਆਂ ਜਾਣ ਵਾਲੀਆਂ ਕੋਈ ਵੀ ਸੇਵਾਵਾਂ ਨੂੰ ਛੱਡ ਕੇ। ਇਸ ਬਜਟ ਲਈ ਇੱਕ ਖਰਚ ਯੋਜਨਾ ਦੀ ਲੋੜ ਹੈ, ਜੋ ਉਕਤ ਬਜਟ ਵਿੱਚ ਦਰਸਾਈਆਂ ਗਈਆਂ ਉਹੀ ਮੁਲਾਂਕਣ ਕੀਤੀਆਂ ਲੋੜਾਂ ਦਾ ਸਮਰਥਨ ਕਰਦੀ ਹੋਵੇ। ਗੈਪ ਬਜਟ ਵਿੱਚ ਕੋਈ ਵੀ ਨਵੀਂ ਸੇਵਾ ਸ਼ਾਮਲ ਨਹੀਂ ਹੋਣੀ ਚਾਹੀਦੀ।
☐	**SDP ਸਾਲ ਦੇ ਅੰਤ ਤੋਂ 30 ਦਿਨ ਪਹਿਲਾਂ**	ਭਾਗੀਦਾਰ ਦੀ ਖਰਚ ਯੋਜਨਾ ਪ੍ਰਮਾਣਿਤ ਹੋਣ ਤੋਂ ਬਾਅਦ, ਭਾਗੀਦਾਰ ਆਪਣੇ ਸਰਵਿਸ ਕੋਆਰਡੀਨੇਟਰ (ਅਤੇ ਯੋਜਨਾ ਟੀਮ ਦੇ ਉਨ੍ਹਾਂ ਹੋਰ ਮੈਂਬਰਾਂ ਜਿਨ੍ਹਾਂ ਨੂੰ ਉਹ ਸੱਦਾ ਦੇਣਾ ਚਾਹੇ) ਨਾਲ ਸਾਲਾਨਾ IPP ਮੀਟਿੰਗ ਕਰੇਗਾ ਤਾਂ ਜੋ DDS ਸਟੈਂਡਰਡ IPP ਦੀ ਵਰਤੋਂ ਕਰਦੇ ਹੋਏ ਪਹਿਲਾਂ ਚਰਚਾ ਕੀਤੇ ਗਏ ਸਾਰੇ ਟੀਚਿਆਂ, ਸੇਵਾਵਾਂ ਅਤੇ ਸਹਾਇਤਾ ਨੂੰ ਦਸਤਾਵੇਜ਼ੀ ਰੂਪ ਦਿੱਤਾ ਜਾ ਸਕੇ। ਭਾਗੀਦਾਰ ਅਤੇ ਉਸਦੇ ਸਰਵਿਸ ਕੋਆਰਡੀਨੇਟਰ ਨੂੰ ਇਹ ਸਮੀਖਿਆ ਕਰਨੀ ਚਾਹੀਦੀ ਹੈ ਕਿ ਬਜਟ ਲਈ ਲਗਾਤਾਰ ਫੰਡ ਪ੍ਰਾਪਤ ਕਰਨ ਵਾਸਤੇ ਕਿਹੜੀਆਂ IPP/ਖਰਚ ਯੋਜਨਾ ਸੇਵਾਵਾਂ ਵਾਸਤੇ ਪ੍ਰਗਤੀ ਰਿਪੋਰਟਾਂ ਜਾਂ ਹੋਰ ਮੁਲਾਂਕਣਾਂ ਦੀ ਲੋੜ ਹੋਵੇਗੀ।
☐	**SDP ਸਾਲ ਦੇ ਅੰਤ ਤੋਂ 30 ਦਿਨ ਪਹਿਲਾਂ**	W&I ਕੋਡ 4646(g) ਦੇ ਅਨਸਾਰ, ACRC ਉਦੋਂ ਤੱਕ ਸੇਵਾਵਾਂ ਨੂੰ ਮਨਜ਼ੂਰੀ ਨਹੀਂ ਦੇ ਸਕਦਾ ਜਦੋਂ ਤੱਕ IPP ਸਮਝੌਤਾ ਫਾਰਮ 'ਤੇ ਦਸਤਖਤ ਨਹੀਂ ਕੀਤੇ ਜਾਂਦੇ। ਇਸ ਲਈ, IPP ਮੀਟਿੰਗ ਖਰਚ ਯੋਜਨਾ ਦੀ ਸ਼ੁਰੂਆਤੀ ਮਿਤੀ ਤੋਂ ਪਹਿਲਾਂ ਹੋਣੀ ਜ਼ਰੂਰੀ ਹੈ। SC ਵੱਲੋਂ ਖਰੀਦਦਾਰੀਆਂ ਜਮ੍ਹਾਂ ਕਰਵਾਉਣ ਤੋਂ ਬਾਅਦ, ਉਹ ਭਾਗੀਦਾਰ ਦੀ FMS ਨੂੰ ਨਵੀਂ ਖਰੀਦ ਬਾਰੇ ਸੂਚਿਤ ਕਰਨ ਲਈ ਦਸਤਖਤ ਕੀਤੀ ਖਰਚ ਯੋਜਨਾ ਦੀ SC ਵੱਲੋਂ ਖਰੀਦਦਾਰੀ ਜਮ੍ਹਾਂ ਕਰਵਾਉਣ ਤੋਂ ਬਾਅਦ, ਉਹ ਭਾਗੀਦਾਰ ਦੇ FMS ਨੂੰ ਇਸਦੀ ਇੱਕ ਕਾਪੀ ਪ੍ਰਦਾਨ ਕਰਨਗੇ ਇੱਕ ਕਾਪੀ ਭੇਜੇਗਾ।
☐	**IPP ਸਮਝੌਤਾ ਫ਼ਾਰਮ 'ਤੇ ਦਸਤਖਤ ਕੀਤੇ ਜਾਣ ਦੀ ਮਿਤੀ ਤੋਂ 30 ਕਾਰੋਬਾਰੀ ਦਿਨਾਂ ਦੇ ਅੰਦਰ**	ਭਾਗੀਦਾਰ ਦੀ IPP ਮੀਟਿੰਗ ਤੋਂ ਬਾਅਦ, SC ਅਗਲੇ 30 ਦਿਨਾਂ ਦੇ ਅੰਦਰ ACRC ਦੇ ਸਭ ਤੋਂ ਵਧੀਆ ਵਿਹਾਰਾਂ ਅਨੁਸਾਰ (ਕਾਨੂੰਨ ਅਨੁਸਾਰ 45 ਦਿਨਾਂ ਦੇ ਅੰਦਰ) IPP ਦਸਤਾਵੇਜ਼ ਲਿਖੇਗਾ।